## ਅੰਤਕਾਲ ਕੈਸੇ ਹਰਿ ਨਾਮ ਲਿਵ ਲਾਈਐ

**ਜੈਸੇ ਘਰਿ ਲਾਗੈ ਆਗਿ  ਜਾਗਿ ਕੂਆ ਖੋਦਿਓ ਚਹੈ**
**ਕਾਰਜ ਨ ਸਿਧਿ ਹੋਇ  ਰੋਇ ਪਛੁਤਾਈਐ॥**

ਭਾਈ ਗੁਰਦਾਸ ਜੀ ਆਪਣੀ ਰਚਨਾ ਕਬਿਤ ਸਵੱਯੇ, ੪੯੫, ਵਿਚ ਸਮਝਾ ਰਹੇ ਹਨ ਕਿ ਸੁਘੜ ਸਿਆਣਾ ਵਿਅਕਤੀ ਉਹੀ ਹੈ ਜੋ ਆਪਣੀ ਦੂਰਅੰਦੇਸ਼ੀ ਨਾਲ ਸਮੇਂ ਤੋਂ ਪਹਿਲਾਂ ਹੀ ਹਰ ਤਰ੍ਹਾਂ ਦੀ ਤਿਆਰੀ ਰਖਦਾ ਹੈ। ਅਜਿਹਾ ਵਿਅਕਤੀ ਆਪਾਤ-ਕਾਲ ਸਮੇਂ ਖੱਤਾ ਨਹੀਂ ਖਾਂਦਾ ਕਿਉਂਕਿ ਉਹ ਅਗੇਤੀ ਹੀ ਸੰਭਲਿਆ ਹੁੰਦਾ ਹੈ। ਇਸ ਕਬਿਤ ਵਿਚ ਤਿੰਨ ਮਿਸਾਲਾਂ ਦੇਣ ਉਪਰੰਤ ਸਮਝਾਇਆ ਹੈ ਕਿ ਸਾਰੀ ਉਮਰ ਮੋਹ  ਮਾਇਆ ਵਿਚ ਬਤੀਤ ਕਰ ਕੇ ਅੰਤਲੇ ਸਮੇਂ ਨਾਮ ਸਿਮਰਨ ਵਿਚ ਲਿਵ ਨਹੀਂ ਜੁੜਦੀ। ਪਹਿਲਾਂ ਹੀ ਮਾਇਆ ਮੋਹ ਤੋਂ ਵਿਰੱਕਤ ਹੋ ਕੇ ਸਿਮਰਨ ਵਿਚ ਜੁੜਨ ਵਾਲਾ ਵਿਅਕਤੀ ਹੀ ਆਪਣਾ ਜੀਵਨ ਮਨੋਰਥ ਸਿਧ ਕਰ ਜਾਂਦਾ ਹੈ। ਬੇਸ਼ੱਕ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਤ੍ਰਿਲੋਚਨ ਜੀ ਦੇ ਬਚਨ ਹਨ ਕਿ ਜੋ ਅੰਤ ਸਮੇਂ ਨਾਰਾਇਣ ਦਾ ਨਾਮ ਚੇਤੇ ਕਰ ਲੈਂਦਾ ਹੈ ਉਹ ਮੁਕਤ ਹੋ ਜਾਂਦਾ ਹੈ ਅਤੇ ਪੀਤਾਂਬਰ ਪ੍ਰਭੂ ਉਸ ਅੰਦਰ ਵਸ ਜਾਂਦਾ ਹੈ - 'ਅੰਤਿ ਕਾਲਿ ਨਾਰਾਇਣੁ ਸਿਮਰੈ  ਐਸੀ ਚਿੰਤਾ ਮਹਿ ਜੇ ਮਰੈ॥ ਬਦਤਿ ਤਿਲੋਚਨੁ ਤੇ ਨਰ ਮੁਕਤਾ  ਪੀਤੰਬਰੁ ਵਾ ਕੇ ਰਿਦੈ ਬਸੈ॥', ਪੰਨਾ ੫੨੬. ਪਰ ਅਜਿਹਾ ਕੇਸ ਕੋਈ ਵਿਰਲਾ ਹੁੰਦਾ ਹੈ, ਆਮ ਨਹੀਂ।

-- ਪਹਿਲੀ ਪੰਕਤੀ ਵਿਚ ਭਾਈ ਸਾਹਿਬ ਜੀ ਨੇ ਪਹਿਲੀ ਮਿਸਾਲ ਇਹ ਦਿਤੀ ਹੈ ਕਿ ਘਰ ਨੂੰ ਅਗ ਲਗੀ ਹੋਣ ਤੇ ਖੂਹ ਖੋਦਣ ਦਾ ਉਪਰਾਲਾ ਕਰਨਾ ਸਿਆਣਪ ਨਹੀਂ। ਪਹਿਲਾਂ ਹੀ ਅਜਿਹੇ ਉਪਰਾਲੇ ਕਰ ਲੈਣੇ ਚਾਹੀਦੇ ਹਨ। ਅਜ ਦੀਆਂ ਸਰਕਾਰਾਂ ਦੀਆਂ ਨੀਤੀਆਂ ਕੁਝ ਅਜਿਹੀਆਂ ਹੀ ਹਨ ਕਿ ਅਖਾਂ ਮੀਚ ਕੇ ਸੁਤੀਆਂ ਰਹਿੰਦੀਆਂ ਹਨ। ਆਫ਼ਤ ਆਉਣ ਤੇ ਫ਼ਿਰ ਕੁਝ ਨਹੀਂ ਬਣਦਾ।

**ਜੈਸੇ ਤਉ ਸੰਗ੍ਰਾਮ ਸਮੈ  ਸੀਖਿਓ ਚਾਹੈ ਬੀਰ ਬਿਦਿਆ**
**ਅਨਿਥਾ ਉਦਮ ਜੈਤ ਪਦਵੀ ਨ ਪਾਈਐ॥**

-- ਦੂਜੀ ਪੰਕਤੀ ਵਿਚ ਭਾਈ ਸਾਹਿਬ ਰਾਜਨੀਤੀ/ਰਣਨੀਤੀ ਦਾ ਗੁਝਾ ਭੇਦ ਸਮਝਾ ਰਹੇ ਹਨ ਕਿ ਹਰ ਕੌਮ Nation, ਰਾਜ State  ਨੂੰ ਜੰਗ ਲਈ ਸਦਾ ਤਿਆਰੀ ਕਰਦੇ ਰਹਿਣਾ ਚਾਹੀਦਾ ਹੈ। ਇਹ ਕੋਈ ਕੁਸ਼ਲ ਰਾਜ ਜਾਂ ਰਣਨੀਤੀ ਨਹੀਂ ਕਿ ਜੰਗ ਸਿਰ ਤੇ ਆ ਪਏ ਤਾਂ ਸ਼ਸਤਰ ਵਿਦਿਆ ਸਿਖਣੀ ਸ਼ੁਰੂ ਕੀਤੀ ਜਾਏ। ਵਰਨਾ ਰਾਜ ਖਤਮ ਹੋ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਨੇ ਅਕਾਲ ਪੁਰਖ ਦੀ ਚਕ੍ਰ-ਧਾਰੀ, ਗਦਾ ਧਾਰੀ ਦਸ ਕੇ ਉਪਮਾ ਕੀਤੀ ਹੈ - 'ਬਨਵਾਲੀ ਚਕ੍ਰਪਾਣਿ  ਦਰਸ ਅਨੂਪਿਆ॥', ਪੰਨਾ ੧੦੮੨ ਅਤੇ - 'ਸੰਖ ਚਕ੍ਰ ਗਦਾ ਹੈ ਧਾਰੀ  ਮਹਾ ਸਾਰਥੀ ਸਤ ਸੰਗਾ॥', ਪੰਨਾ ੧੦੮੨. ਭਗਤ ਨਾਮਦੇਵ ਜੀ ਨੇ ਵੀ ਅਕਾਲ ਪੁਰਖ ਨੂੰ ਚਕ੍ਰ-ਧਾਰੀ (ਸ਼ਸਤਰ-ਧਾਰੀ) ਲਿਖਿਆ ਹੈ ਕਿ ਉਹ ਬੈਕੁੰਠ ਤੋਂ ਹਥ ਵਿਚ ਚਕ੍ਰ ਧਾਰਣ ਕਰ ਕੇ ਆਏ ਅਤੇ ਹਾਥੀ ਦੇ ਪ੍ਰਾਣਾਂ ਦੀ ਰਖਿਆ ਕੀਤੀ - 'ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥', ਪੰਨਾ ੯੮੮ ਅਤੇ - 'ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ  ਦੇਖਿ ਪ੍ਰਤਾਪੁ ਜਮੁ ਡਰਿਓ॥', ਪੰਨਾ ੧੧੦੫.

ਇਸੇ ਚੀਜ਼ ਦੀ ਲੋੜ ਸਮਝ ਕੇ ਛੇਵੇਂ ਅਤੇ ਦਸਵੇਂ ਪਾਤਸ਼ਾਹ ਨੇ ਸਿਖਾਂ ਲਈ ਸ਼ਸਤਰ ਵਿਦਿਆ ਲੈਣੀ ਤੇ ਸ਼ਸਤਰ ਰਖਣੇ ਜ਼ਰੂਰੀ ਦਸੇ। ਸਮੇਂ ਤੇ ਵਧ ਚੁਕੇ ਜ਼ੁਲਮ ਦਾ ਨਾਸ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਖ਼ਾਲਸੇ ਲਈ ਸ਼ਸਤਰ ਧਾਰਨ ਕਰਨਾ ਲਾਜ਼ਮੀ ਕਰ ਦਿਤਾ। ਦਸਵੇਂ ਪਾਤਸ਼ਾਹ ਨੇ ਤਾਂ ਸ਼ਸਤਰਾਂ ਦੀ ਮਹਿਮਾ ਵਿਚ 'ਸ਼ਸਤ੍ਰ ਨਾਮ ਮਾਲਾ' ਨਾਂ ਦੀ ਬਾਣੀ ਦੀ ਰਚਨਾ ਵੀ ਕੀਤੀ। ਮਹਾਰਾਜ ਨੇ ਆਪਣੀ ਸ਼ਾਹਕਾਰ ਰਚਨਾ '**ਜਾਪੁ**' ਸਾਹਿਬ ਵਿਚ ਅਕਾਲ ਪੁਰਖ ਨੂੰ ਵੀ ਸ਼ਸਤਰਧਾਰੀ ਦਸਿਆ - 'ਨਮੋ ਸਸਤ੍ਰ ਪਾਣੇ॥ ਨਮੋ ਅਸਤ੍ਰ ਮਾਣੇ॥'

'ਅਕਾਲ ਉਸਤਤਿ' ਬਾਣੀ ਵਿਚ ਵੀ ਅਕਾਲ ਪੁਰਖ ਨੂੰ ਸ਼ਸਤਰਧਾਰੀ ਦਸਿਆ ਹੈ - 'ਕਹੂੰ ਜੰਤ੍ਰ ਰੀਤੰ  ਕਹੂੰ ਸਸਤ੍ਰ ਧਾਰੰ॥' ਸ੍ਰੀ ਸਾਹਿਬ (ਕ੍ਰਿਪਾਨ) ਨੂੰ ਖ਼ਾਲਸੇ ਦੀ ਰਹਿਤ ਦੇ ਪੰਜ ਕਕਾਰਾਂ ਵਿਚੋਂ ਇਕ ਬਣਾਇਆ। ਵੈਸੇ ਵੀ ਖ਼ਾਲਸੇ ਦਾ ਵਿਸ਼ਵਾਸ 'ਸ਼ਸਤ੍ਰਨ ਕੇ ਅਧੀਨ ਹੈ ਰਾਜ', 'ਰਾਜ ਬਿਨਾ ਨਹੀ ਧਰਮ ਚਲੇ ਹੈ॥ ਧਰਮ ਬਿਨਾ ਸਭ ਦਲੇ ਮਲੇ ਹੈ॥', 'ਕੋਊ ਕਿਸੀ ਕੋ ਰਾਜ ਨਹਿ ਦੇ ਹੈ॥ ਜੋ ਲੇ ਹੈ  ਨਿਜ ਬਲ ਸੇ ਲੇ ਹੈ' ਗੁਰੂ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਸ਼ਸਤਰ ਰਖਣਾ ਤੇ ਸਹੀ ਜਗ੍ਹਾ ਤੇ, ਸਹੀ ਢੰਗ ਨਾਲ ਵਰਤਣਾ ਅਜ਼ਾਦ ਕੌਮਾਂ ਦੀ ਪਛਾਣ ਹੁੰਦੀ ਹੈ। ਗੁਰੂ ਸਾਹਿਬ ਅਨੁਸਾਰ **ਮਨੁਖੀ ਅਧਿਕਾਰਾਂ** ਦੀ ਰਖਿਆ ਲਈ ਸ਼ਸਤਰ ਰਖਣੇ ਤੇ ਸ਼ਸਤਰ-ਵਿਦਿਆ ਲੈਣੀ ਜ਼ਰੂਰੀ ਹੁੰਦੇ ਹਨ। ਸ਼ਸਤਰ ਵਿਦਿਆ ਦੀ ਜ਼ਰੂਰਤ ਅਤੇ ਮਹੱਤਤਾ ਇਸ ਤਥ ਤੋਂ ਵੀ ਸਪੱਸ਼ਟ ਹੁੰਦੀ ਹੈ ਕਿ ਦਸਵੇਂ ਪਾਤਸ਼ਾਹ ਨੇ **ਸ਼ਸਤਰ ਵਿਦਿਆ** ਨੂੰ **ਇਕ ਖੇਡ, sport** ਬਣਾ ਦਿਤਾ ਜਿਸ ਦੀ ਪ੍ਰਤੱਖ ਮਿਸਾਲ **ਹੋਲਾ ਮਹੱਲਾ** ਦਾ ਤਿਉਹਾਰ ਹੈ ਜੋ ਦਸਵੇਂ ਪਾਤਸ਼ਾਹ ਨੇ ਰੰਗ ਭਰੀਆਂ ਹੋਲੀਆਂ ਨੂੰ ਛੱਡ ਕੇ ਸ਼ੁਰੂ ਕੀਤਾ। ਇਹ ਸਿਰਫ਼ ਸ਼ਸਤਰ ਵਿਦਿਆ ਦਾ ਤਿਉਹਾਰ ਸੀ ਜੋ ਅਜ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਅਨੁਸਾਰ ਹੋਲੀ ਤਾਂ ਗ਼ੁਲਾਮਾਂ ਦਾ ਤਿਉਹਾਰ ਸੀ ਅਤੇ ਹੈ। ਇਸ ਬਾਰੇ ਵਿਸ਼ੇਸ਼ ਲੇਖ ਪੜ੍ਹੋ ਜੀ - https://sikhis.com/ਗੁਲਾਮ-ਹੋਲੀਆਂ-ਸੁਤੰਤਰ-ਹੋਲਾ ਇਹ ਲਿੰਕ ਕਾਪੀ ਕਰਕੇ browser ਵਿਚ ਪੇਸਟ ਕਰੋ ਜੀ। ਗੁਰੂ ਸਾਹਿਬ ਨੇ ਚਾਰ ਜ਼ਰੂਰਤਾਂ ਤੇ ਜ਼ੋਰ ਦਿਤਾ - ਸ਼ਸਤਰ ਰਖਣੇ, ਸ਼ਸਤਰ ਵਿਦਿਆਵਾਂ ਗ੍ਰਹਿਣ ਕਰਨੀਆਂ, ਉਨ੍ਹਾਂ ਦਾ ਅਭਿਆਸ ਕਰਦੇ ਰਹਿਣਾ ਅਤੇ ਚੌਥੀ ਤੇ ਅਤਿਅੰਤ ਜ਼ਰੂਰੀ ਹੈ '**ਧਰਮ ਜੁਧ ਦਾ ਚਾਉ**' ਪੈਦਾ ਕਰਨਾ, ਜਿਸ ਲਈ ਉਨ੍ਹਾਂ ਨੇ ਅਥਾਹ ਬਾਣੀ ਦੀ ਰਚਨਾ ਕੀਤੀ ਅਤੇ ਇਸ ਬਾਰੇ ਬਹੁਤ ਸਪੱਸ਼ਟਤਾ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਦੀ ਰਚਨਾ ਦਾ ਮੁਖ ਪ੍ਰਯੋਜਨ ਵੀ ਦਸਿਆ - 'ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ॥ ਅਵਰ ਬਾਸਨਾ ਨਾਹਿ ਪ੍ਰਭ  ਧਰਮ ਜੁਧ ਕੇ ਚਾਇ॥੨੪੯੧॥'
ਵੈਸੇ ਵੀ ਅਜ ਦੇ ਸੰਸਾਰ ਵਿਚ ਦੇਸ਼ਾਂ States ਨੂੰ ਆਪਣੀ ਸੰਪ੍ਰਭੂਤਾ Sovereignty ਕਾਇਮ ਰਖਣ ਲਈ ਸ਼ਸਤ੍ਰਾਂ ਦਾ ਜ਼ਖ਼ੀਰਾ ਰਖਣ ਦੀ ਅਤਿਅੰਤ ਲੋੜ ਹੁੰਦੀ ਹੈ। ਉਨ੍ਹਾਂ ਕੋਲ ਲੋੜੀਂਦੇ ਸ਼ਸਤ੍ਰ ਅਤੇ ਸ਼ਸਤਰ ਵਿਦਿਆਵਾਂ ਨਾ ਹੋਣ ਤਾਂ ਕੋਈ ਵੀ ਉਨ੍ਹਾਂ ਤੇ ਹਮਲਾ ਕਰ ਸਕਦਾ ਹੈ। ਪਰ ਜੇ ਹਮਲਾਵਰ ਨੂੰ ਪਤਾ ਹੋਵੇ ਕਿ ਜਿਸ ਉਤੇ ਉਹ ਹਮਲਾ ਕਰਨਾ ਚਾਹੁੰਦਾ ਹੈ ਉਸ ਕੋਲ ਖ਼ੂਬ ਸ਼ਸਤਰਾਂ ਦਾ ਭੰਡਾਰ ਹੈ ਤਾਂ ਉਹ ਅਸਲ ਵਿਚ ਹਮਲਾ ਕਰਨ ਤੋਂ ਪਹਿਲਾਂ ਕਈ ਵਾਰ ਸੋਚੇਗਾ। ਸ਼ਾਂਤੀ ਬਰਕਰਾਰ ਰਖਣ ਲਈ ਸ਼ਸਤ੍ਰ ਰਖਣੇ ਅਤੇ ਇਨ੍ਹਾਂ ਦੀ ਸਹੀ ਸਿਖਲਾਈ ਦੀ ਲੋੜ ਅਵੱਸ਼ ਜਾਂ mandatory ਹੁੰਦੀ ਹੈ। ਤਾਂ ਹੀ ਤਾਂ ਹਰ ਦੇਸ਼ ਆਪਣੀ ਸੁਰੱਖਿਆ ਯਕੀਨੀ ਬਣਾਉਣ ਲਈ ਆਪਣੇ ਬਜਟ ਦਾ ਵਡਾ ਹਿਸਾ ਸ਼ਸਤਰਾਂ ਅਤੇ ਸ਼ਸਤਰਾਂ ਵਿਚ ਨਿਪੁੰਨ ਫ਼ੌਜ ਲਈ ਮੁਕੱਰਰ ਕਰਦਾ ਹੈ, reserve ਰਖਦਾ ਹੈ।
ਪੁਰਾਤਨ ਸਮੇਂ ਵਿਚ ਵੀ ਸਮੇਂ ਦੇ ਮਹਾਂਪੁਰਖਾਂ, **ਸ੍ਰੀ ਰਾਮ ਚੰਦਰ ਜੀ ਮਹਾਰਾਜ** ਅਤੇ **ਸ੍ਰੀ ਕ੍ਰਿਸ਼ਨ ਜੀ ਮਹਾਰਾਜ** ਨੇ ਵੀ ਸ਼ਸਤਰ ਵਿਦਿਆ ਸਿਖੀ, ਸਮੇਂ ਦੇ ਵਡੇ ਸ਼ਸਤਰਾਂ ਦੇ ਭੰਡਾਰ ਦੇ ਨਾਲ ਨਾਲ ਦਿਬ ਸ਼ਸਤਰਾਂ ਦੇ ਸੁਆਮੀ ਵੀ ਸਨ ਅਤੇ ਸ਼ਸਤਰਾਂ ਦਾ, ਜ਼ਾਲਮਾਂ ਦੇ ਨਾਸ ਲਈ, ਸੁਯੋਗ ਇਸਤੇਮਾਲ ਆਪ ਵੀ ਕੀਤਾ ਅਤੇ ਆਪਣੇ ਸੇਵਕਾਂ ਤੋਂ ਵੀ ਕਰਵਾਇਆ। ਸ਼ਸਤਰਾਂ ਦੇ ਸੁਯੋਗ ਇਸਤੇਮਾਲ, ਦੁਸ਼ਟਾਂ ਦੇ ਨਾਸ ਲਈ ਸ਼ਸਤਰ ਤਿਆਗ ਰਹੇ ਅਰਜੁਨ ਨੂੰ ਪ੍ਰੇਰਣ ਹਿਤ **ਗੀਤਾ** ਵਰਗੇ ਮਹਾਨ ਗ੍ਰੰਥ ਦੀ ਬਾਣੀ ਵੀ ਉਚਾਰਣ ਕੀਤੀ, ਜੋ ਕਿ ਅਜ ਵੀ ਸੰਸਾਰ ਵਿਚ ਧਰਮ ਦੀ ਸਥਾਪਨਾ ਕਰਨ ਵਲ ਇਕ ਵਡਾ ਮੀਲ ਪੱਥਰ ਹੈ ਅਤੇ ਮਨੁਖਤਾ ਨੂੰ ਅਗਵਾਈ ਦੇ ਰਿਹਾ ਹੈ।
ਦਸਮ ਪਾਤਸ਼ਾਹ ਨੇ ਸਿਖਾਂ ਲਈ ਜੋ ਕ੍ਰਿਪਾਨ ਧਾਰਣ ਕਰਨੀ ਲਾਜ਼ਮੀ ਰਖੀ ਹੈ ਉਸ ਦੇ ਅਰਥ ਹਨ - **ਆਨ ਤੇ ਕਿਰਪਾ ਕਰਨੀ ਜਾਂ ਉਸ ਦੀ ਰਾਖੀ ਕਰਨੀ, ਆਨ ਆਪਣੀ ਹੋਵੇ ਜਾਂ ਕਿਸੇ ਦੀ**। ਇਤਿਹਾਸ ਗਵਾਹ ਹੈ ਕਿ ਸਿਖਾਂ ਨੇ ਸ਼ਸਤਰਾਂ ਦੀ ਸੁਯੋਗ ਵਰਤੋਂ ਕੀਤੀ ਹੈ ਅਤੇ ਆਪਣੀ

ਤੇ ਮਜ਼ਲੂਮਾਂ ਦੀ ਰਾਖੀ ਕੀਤੀ ਹੈ। ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੩ ਵਿਚ ਵੀ ਦਰਜ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਚਨ ਸਨ - 'ਸ਼ਸਤ੍ਰਨ ਕੋ ਬਿਸਾਹੁ ਨਹਿ ਕਰੈਣ। ਰਾਤਿ ਦਿਵਸ ਅੰਗਨਿ ਸੰਗ ਧਰੈਣ।... ਸ਼ਸਤ੍ਰਨਿ ਕੇ ਅਧੀਨ ਹੈ ਰਾਜ। ਜੋ ਨ ਧਰਹਿ ਤਿਸ ਬਿਗਰੇ ਕਾਜ॥੬॥', ਭਾਵ, ਸ਼ਸਤਰਾਂ ਦਾ ਵਿਸਾਹ ਨਹੀਂ ਕਰਨਾ, ਰਾਤ ਦਿਨ ਆਪਣੇ ਸੰਗ ਹੀ ਰਖਣਾ। ਰਾਜ ਹਮੇਸ਼ਾਂ ਸ਼ਸਤਰਾਂ ਦੇ ਅਧੀਨ ਹੀ ਰਹਿੰਦਾ ਹੈ, ਜੋ ਸ਼ਸਤਰ ਨਹੀਂ ਰਖਦੇ ਉਨ੍ਹਾਂ ਦਾ ਰਾਜ ਦਾ ਕੰਮ, ਭਾਈ ਗੁਰਦਾਸ ਜੀ ਦੀ ਇਸ ਕਬਿਤ ਦੇ ਅਨੁਸਾਰ, ਵਿਗੜ ਜਾਂਦਾ ਹੈ।

**ਜੈਸੇ ਨਿਸਿ ਸੋਵਤ ਸੰਗਾਤੀ ਚਲਿ ਜਾਤਿ**
**ਪਾਛੇ ਭੋਰ ਭਏ ਭਾਰ ਚਲੇ ਕਤ ਜਾਈਐ॥**

-- ਭਾਈ ਸਾਹਿਬ ਜੀ ਨੇ ਤੀਜੀ ਮਿਸਾਲ ਦਿਤੀ ਹੈ ਕਿ ਜੇ ਕੋਈ ਜਾਤਰੂਆਂ ਦਾ ਟੋਲਾ ਕਿਸੇ ਲੰਮੇਂ ਸਫ਼ਰ ਤੇ ਨਿਕਲਿਆ ਹੋਵੇ ਅਤੇ ਇਕ ਵਿਅਕਤੀ ਦੇ ਸੁਤੇ ਹੀ ਰਹਿਣ ਕਰ ਕੇ ਬਾਕੀ ਜਾਤਰੂ ਸਾਥੀ ਸੁਵੱਖਤੇ ਉਠ ਕੇ ਚਲੇ ਜਾਣ ਤਾਂ ਸੁਤਾ ਪਿਆ ਵਿਅਕਤੀ ਇਕੱਲਾ ਰਹਿ ਜਾਂਦਾ ਹੈ ਅਤੇ ਚੋਰਾਂ ਧਾੜਵੀਆਂ ਲੁਟੇਰਿਆਂ ਦਾ ਸ਼ਿਕਾਰ ਹੋ ਸਕਦਾ ਹੈ ਅਤੇ ਧੁਰ ਮੰਜ਼ਲ ਤੇ ਅਪੜਨ ਤੋਂ ਖੁੰਝ ਸਕਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਜੋ ਵਿਅਕਤੀ ਸਮੇਂ ਨੂੰ ਪਛਾਣ ਕੇ ਉਸ ਤੇ ਵੀਚਾਰ ਕਰਦਾ ਹੈ ਉਹੀ ਰੱਬ ਦਾ ਬੰਦਾ ਹੈ, ਭਾਵ, ਸਫ਼ਲ ਹੁੰਦਾ ਹੈ - 'ਵਖਤੁ ਵੀਚਾਰੇ ਸੁ ਬੰਦਾ ਹੋਇ॥', ਪੰਨਾ ੮੪. ਵਕਤ ਦੀ ਲੋੜ ਅਨੁਸਾਰ ਵਿਹਾਰ ਕਰਨਾ ਚਾਹੀਦਾ ਹੈ।

**ਤੈਸੇ ਮਾਇਆ ਧੰਧ ਅੰਧ ਅਵਧਿ ਬਿਹਾਇ ਜਾਇ**
**ਅੰਤਕਾਲ ਕੈਸੇ ਹਰਿ ਨਾਮ ਲਿਵ ਲਾਈਐ॥੪੯੫॥ ਕਬਿਤ॥**

-- ਇਸੇ ਤਰ੍ਹਾਂ ਸਾਰੀ ਉਮਰ ਤਾਂ ਮੋਹ ਮਾਇਆ ਦੇ ਧੰਧਿਆਂ ਵਿਚ ਹੀ ਗਲਤਾਨ ਰਿਹਾ ਜਾਏ, ਪ੍ਰਭੂ ਦੇ ਸਿਮਰਨ ਦੀ ਸੁਧ ਹੀ ਨਾ ਲਈ ਜਾਏ ਤਾਂ ਅੰਤ ਕਾਲ ਇਹ ਉਮੀਦ ਨਹੀਂ ਰਖੀ ਜਾ ਸਕਦੀ ਕਿ ਪ੍ਰਭੂ ਦੇ ਸਿਮਰਨ ਵਿਚ ਲਿਵ ਲਗਾਈ ਜਾ ਸਕੇਗੀ।੪੯੫।ਕਬਿਤ।

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ ਕਿ ਸਾਰੀ ਉਮਰ ਦਾ ਕਮਾਇਆ ਹੀ ਅਗੋਂ ਜਾ ਕੇ ਮਿਲਦਾ ਹੈ, ਅੰਤ ਸਮਾਂ ਆ ਜਾਣ ਤੇ ਕੁਝ ਨਹੀਂ ਬਣਦਾ - 'ਐਥੈ ਕਮਾਣਾ ਸੁ ਅਗੈ ਆਇਆ ਅੰਤਕਾਲਿ ਕਿਆ ਕੀਜੈ॥', ਪੰਨਾ ੧੦੪੯. ਗੁਰਬਾਣੀ ਵਿਚ ਆਏ ਅਜਾਮਲ, ਗਨਿਕਾ ਆਦਿ ਦੇ ਅੰਤਕਾਲ ਸਮੇਂ ਨਾਰਾਇਣ ਦੇ ਚਿਤ ਆਉਣ ਤੇ ਪਰਮਗਤੀ ਪ੍ਰਾਪਤ ਹੋਣ ਦੀਆਂ ਮਿਸਾਲਾਂ ਅਤੀ ਵਿਰਲੀਆਂ, exceptional ਹਨ। ਉਨ੍ਹਾਂ ਆਸਰੇ ਆਪਣੀ ਉਮਰ ਵਿਅਰਥ ਨਹੀਂ ਗਵਾਉਣੀ ਚਾਹੀਦੀ। ਭਾਈ ਗੁਰਦਾਸ ਜੀ ਨੇ ਆਪਣੀ ੩੧:੯ ਵਾਰ ਵਿਚ ਸਪੱਸ਼ਟ ਕੀਤਾ ਹੈ ਕਿ ਜੇਕਰ ਪੂਤਨਾ ਦਾ '**ਕ੍ਰਿਸ਼ਨ ਕ੍ਰਿਸ਼ਨ**' ਜਪਣ ਨਾਲ ਉਧਾਰ ਹੋ ਗਿਆ ਤਾਂ ਇਹ ਨਾ ਸਮਝ ਲਉ ਕਿ ਵਿਸ਼ ਪਿਲਾਣਾ ਚੰਗਾ ਕੰਮ ਹੈ। ਜਾਂ ਜੇ ਗਨਿਕਾ ਵੇਸਵਾ ਦਾ ਅੰਤ ਸਮੇਂ ਨਾਮ ਜਪ ਕੇ ਉਧਾਰ ਹੋ ਜਾਣਾ ਇਹ ਸਾਬਤ ਨਹੀਂ ਕਰਦਾ ਕਿ ਸਾਰੀ ਉਮਰ ਉਸ ਵਰਗੇ ਗੰਦੇ ਕੰਮ ਕਰ ਕੇ ਅੰਤਲੇ ਸਮੇਂ ਨਾਮ ਜਪ ਕੇ ਉਧਾਰ ਹੋ ਜਾਏਗਾ - 'ਜੇਕਰਿ ਉਧਰੀ ਪੂਤਨਾ ਵਿਹੁ ਪੀਆਲਣੁ ਕੰਮੁ ਨ ਚੰਗਾ॥ ਗਨਿਕਾ ਉਧਰੀ ਆਖੀਐ ਪਰ ਘਰਿ ਜਾਇ ਨ ਲਈਐ ਪੰਗਾ॥' ਸਮੇਂ ਸਿਰ ਨਾਮ ਜਪ ਲੈਣਾ ਚਾਹੀਦਾ ਹੈ। ਨਾਮ ਜਪਣ ਲਗਿਆਂ ਢਿਲ ਮੱਠ ਕਰਨੀ ਸਿਆਣਪ ਨਹੀਂ, ਕੀ ਪਤਾ ਅਗਲਾ ਸਾਹ ਵੀ ਆਉਣਾ ਹੈ ਕਿ ਨਹੀਂ, ਜਿਵੇਂ ਚੌਥੇ ਪਾਤਸ਼ਾਹ ਦਾ ਫ਼ੁਰਮਾਣ ਹੈ - 'ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥', ਅੰਕ ੫੪੦.